भारतीय गैर न्यायिक

एक सौ रुपये Rs. 100

रु. 100 ONE HUNDRED RUPEES

सत्यमेव जयते

भारत INDIA

INDIA NON JUDICIAL

ਪੰਜਾਬ पंजाब PUNJAB

Y 439512

5. ਇਹ ਕਿ ਧਿਰ ਨੰ 2 ਟ੍ਰੈਫਿਕ ਵਿਭਾਗ ਦੀਆਂ ਸਮੇਂ-2 ਸਿਰ ਜਾਰੀ ਹਦਾਇਤਾਂ ਦੀ ਪਾਲਣਾ ਕਰਨ ਦਾ ਪਾਬੰਦ ਹੋਵੇਗਾ।

6. ਇਹ ਕਿ ਠੇਕੇਦਾਰ ਨਗਰ ਨਿਗਮ ਬਠਿੰਡਾ ਵਲੋਂ ਜਾਰੀ ਕੀਤੀਆਂ ਪਾਰਕਿੰਗ ਫੀਸ ਵਾਲੀਆਂ ਰਸੀਦਾਂ ਹੀ ਜਾਰੀ ਕਰੇਗਾ ਆਪਣੇ ਪੱਧਰ ਤੇ ਕੋਈ ਰਸੀਦ ਨਹੀਂ ਕੱਟੇਗਾ।ਪਾਰਕਿੰਗ ਥਾਵਾਂ ਨੂੰ ਸਾਫ ਸੁਥਰਾ ਰੱਖਣ ਦੀ ਜਿੰਮੇਵਾਰੀ ਧਿਰ ਨੰ: 2 ਦੀ ਹੋਵੇਗੀ।

7. ਇਹ ਕਿ ਧਿਰ ਨੰ: 2 ਬਣਦੀ ਰਕਮ ਮੁਬਲਿਗ 101917/-ਰੁ: ਮਾਹਵਾਰੀ ਕਿਸ਼ਤਾਂ ਤੋਂ ਇਲਾਵਾ ਬਣਦਾ ਸਰਵਿਸ ਟੈਕਸ ਅਤੇ ਟੀ.ਸੀ.ਐਸ. ਹਰ ਮਹੀਨੇ ਦੀ 10 ਤਰੀਖ ਤੱਕ ਜਮ੍ਹਾਂ ਕਰਵਾਉਣ ਦਾ ਪਾਬੰਦ ਹੋਵੇਗੀ, ਜੇਕਰ ਕਿਸ਼ਤ ਨਿਸ਼ਚਿਤ ਸਮੇਂ ਤੋਂ ਲੇਟ ਹੁੰਦੀ ਹੈ ਤਾਂ 18% ਵਿਆਜ ਵਸੂਲ ਕੀਤਾ ਜਾਵੇਗਾ ਅਤੇ ਜੇਕਰ ਕਿਸ਼ਤ ਇੱਕ ਮਹੀਨਾਂ ਲੇਟ ਹੁੰਦੀ ਹੈ ਤਾਂ ਠੇਕਾ ਕੈਂਸਲ ਕਰਕੇ ਸਕਿਊਰਟੀ ਜਬਤ ਕਰ ਲਈ ਜਾਵੇਗੀ ।

8. ਇਹ ਕਿ ਧਿਰ ਨੰ: 2 ਪਾਰਕਿੰਗ ਵਾਲੀਆਂ ਥਾਵਾਂ ਨੂੰ ਕਿਸੇ ਹੋਰ ਮੰਤਵ ਲਈ ਇਸਤੇਮਾਲ ਨਹੀਂ ਕਰੇਗਾ ਅਤੇ ਨਾ ਹੀ ਕਿਸੇ ਕਿਸਮ ਦਾ ਆਰਜੀ ਜਾਂ ਪੱਕੇ ਤੌਰ ਤੇ ਕੋਈ ਢਾਂਚਾ ਖੜਾ ਕਰੇਗਾ। ਪਾਰਕਿੰਗ ਵਿਚ ਕੋਈ ਅਣ ਅਧਿਕਾਰਤ ਰੇਹੜੀ, ਖੋਖਾ ਆਦਿ ਪਾਇਆ ਜਾਂਦਾ ਹੈ ਤਾਂ ਠੇਕੇਦਾਰ ਤੋਂ 5000/-ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਜੁਰਮਾਨਾ ਵਸੂਲ ਕੀਤਾ ਜਾਵੇਗਾ।

9. ਠੇਕੇ ਨੂੰ ਅੱਗੇ ਸਬਲੈਟ ਨਹੀਂ ਕਰ ਸਕਦਾ।

10. ਇਹ ਕਿ ਪਾਰਕਿੰਗ ਦਾ ਸਮਾਂ ਸਵੇਰੇ 8.00 ਵਜੇ ਤੋਂ ਰਾਤ ਦੇ 9.00 ਵਜੇ ਤੱਕ ਹੋਵੇਗਾ।

11. ਇਹ ਕਿ ਧਿਰ ਨੰ: 2 ਨਗਰ ਨਿਗਮ ਦੇ ਕਿਸੇ ਕਰਮਚਾਰੀ ਤੋਂ ਵਹੀਕਲ ਪਾਰਕਿੰਗ ਦੀ ਫੀਸ ਚਾਰਜ ਨਹੀਂ ਕਰੇਗਾ।

12. ਇਹ ਕਿ ਧਿਰ ਨੰ: 2 ਕੋਈ ਨਾਬਾਲਗ ਕਰਮਚਾਰੀ ਨਹੀਂ ਰੱਖੇਗਾ। ਇਸ ਕੰਮ ਲਈ ਰੱਖੇ ਕਰਮਚਾਰੀਆਂ ਨੂੰ ਸ਼ਨਾਖਤੀ ਕਾਰਡ ਜਾਰੀ ਕਰੇਗਾ ਅਤੇ ਕਰਮਚਾਰੀਆਂ ਦੀ ਲਿਸਟ ਸਮੇਤ ਫੋਟੋ ਨਗਰ ਨਿਗਮ ਬਠਿੰਡਾ ਨੂੰ ਜਮ੍ਹਾ ਕਰਵਾਏਗਾ।

13. ਇਹ ਕਿ ਧਿਰ ਨੰ: 2 ਸਮੇਂ-2 ਸਿਰ ਕੇਂਦਰ ਸਰਕਾਰ /ਰਾਜ ਸਰਕਾਰ ਵਲੋਂ ਲਗਾਇਆ ਟੈਕਸ ਕਿਸ਼ਤ ਦੇ ਨਾਲ ਜਮ੍ਹਾਂ ਕਰਵਾਉਣ ਦਾ ਪਾਬੰਦ ਹੋਵੇਗੀ।

14. ਇਹ ਕਿ ਧਿਰ ਨੰ: 2 ਆਪਣੇ ਅਤੇ ਆਪਣੇ ਕਰਮਚਾਰੀਆਂ ਦੇ ਬੈਠਣ ਅਤੇ ਬੈਰੀਕੇਟ ਲਗਵਾਉਣ ਦਾ ਪ੍ਰਬੰਧ ਖੁਦ ਆਪ ਕਰੇਗੀ ।